BRITISH COLUMBIA HealthLinkBC

Punjabi - Number 16
March 2021

# *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ (ਹਿਬ) ਵੈਕਸੀਨ
## *Haemophilus Influenzae* Type b (Hib) Vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੇ ਵੈਕਸੀਨ ਸਮੇਂ ਸਿਰ ਦਿਵਾਓ।**

ਸਮੇਂ ਸਿਰ ਵੈਕਸੀਨੇਸ਼ਨ ਕਰਵਾ ਕੇ ਤੁਹਾਡੇ ਬੱਚੇ ਦਾ ਜ਼ਿੰਦਗੀ-ਭਰ ਲਈ ਕਈ ਬਿਮਾਰੀਆਂ ਤੋਂ ਬਚਾਅ ਹੋ ਸਕਦਾ ਹੈ।

ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਣ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਸਿਹਤ ਸੰਬੰਧੀ ਕਿਸੇ ਵੀ ਹੋਰ ਜਤਨ ਨਾਲੋਂ ਜਿਆਦਾ ਜਾਨਾਂ ਬਚਾਈਆਂ ਹਨ।

### ਹਿਬ (Hib) ਵੈਕਸੀਨ ਕੀ ਹੈ?

ਹਿਬ (Hib) ਵੈਕਸੀਨ *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ (ਹਿਬ) (*Haemophilus influenzae* type b – Hib ) ਬੈਕਟੀਰੀਆ ਕਰਕੇ ਹੋਣ ਵਾਲੇ ਵਿਗਾੜ ਦੇ ਵਿਰੁੱਧ ਰੱਖਿਆ ਕਰਦੀ ਹੈ। ਇਸ ਦੇ ਨਾਮ ਦੇ ਬਾਵਜੂਦ, ਇਹ ਬਿਮਾਰੀ ਇੰਨਫਲੂਐਨਜ਼ਾ (ਫਲੂ) ਨਹੀਂ ਹੈ।

ਹਿਬ (Hib) ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਕੀਤੇ ਜਾਣ ਵਾਲੇ ਤੁਹਾਡੇ ਬੱਚੇ ਦੇ ਨੇਮਕ ਟੀਕਾਕਰਣ ਦੇ ਹਿਸੇ ਵਜੋਂ ਮੁਫਤ ਮੁਹੱਈਆ ਕੀਤੀ ਜਾਂਦੀ ਹੈ।

ਅਪੌਇੰਟਮੈਂਟ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਫੋਨ ਕਰੋ।

### ਹਿਬ (Hib) ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

2 ਮਹੀਨੇ ਅਤੇ 59 ਮਹੀਨਿਆਂ (5 ਸਾਲ ਤੋਂ ਘੱਟ) ਦੀ ਉਮਰ ਦੇ ਵਿੱਚ ਦੇ ਬੱਚਿਆਂ ਨੂੰ ਹਿਬ (Hib) ਵੈਕਸੀਨ ਮਿਲਣੀ ਚਾਹੀਦੀ ਹੈ। ਇਸ ਨੂੰ ਆਮਤੌਰ ਤੇ ਦੂਸਰੀਆਂ ਵੈਕਸੀਨਾਂ ਜਿਵੇਂ ਕਿ ਟੈਟਨਸ, ਡਿਪਥੀਰੀਆ, ਪਰਟੂਸਿਸ, ਹੈਪੇਟਾਈਟਸ ਬੀ ਅਤੇ ਪੋਲੀਓ, ਦੇ ਨਾਲ ਇਕੱਠੇ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ ਲਈ, ਹੇਠਾਂ ਦਿੱਤੀਆਂ ਹੈਲਥਲਿੰਕ ਬੀਸੀ ਫਾਇਲਾਂ ਦੇਖੋ:


- HealthLinkBC File #105 ਡਿਪਥੀਰੀਆ,ਟੈਟਨਸ,ਪਰਟੂਸਿਸ,ਹੈਪੇਟਾਈਟਸ ਬੀ,ਪੋਲਿਓ, ਅਤੇ *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ ਵੈਕਸੀਨ (ਡੀਟੈਪ-ਐਚਬੀ-ਆਈਪੀਵੀ-ਹਿਬ)
- HealthLinkBC File #15b ਡਿਫਥੇਰੀਆ, ਟੈਟਨਸ,ਪਰਟੂਸਿਸ, ਪੋਲੀਓ, *ਹੀਮੋਫਿਲਸ ਇਨਫਲੂਐਂਜ਼ਾਈ* ਟਾਈਪ ਬੀ. (ਡੀਟੈਪ-ਆਈਪੀਵੀ-ਹਿਬ) ਵੈਕਸੀਨ


ਖਾਸ ਮੈਡੀਕਲ ਅਵਸਥਾਵਾਂ ਵਾਲੇ 5 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਕੁਝ ਲੋਕਾਂ ਨੂੰ ਹਿਬ (Hib) ਵਿਗਾੜ ਦਾ ਜਿਆਦਾ ਖਤਰਾ ਹੈ। ਵੈਕਸੀਨ ਉਨ੍ਹਾਂ ਲੋਕਾਂ ਲਈ ਮੁਫਤ ਹੈ ਜਿੰਨਾਂ ਨੂੰ ਇਹ ਹਨ:

- ਤਿਲੀ ਨਾ ਹੋਣਾ, ਜਾਂ ਅਜਿਹੀ ਤਿਲੀ ਜੋ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀ
- ਸਿਕਲ ਸੈਲ ਬਿਮਾਰੀ
- ਸਰੀਰ ਨੂੰ ਬਿਮਾਰੀ ਤੋਂ ਸੁਰੱਖਿਅਤ ਰੱਖਣ ਵਾਲੀ ਪ੍ਰਣਾਲੀ ਜੋ ਬਿਮਾਰੀ ਜਾਂ ਮੈਡੀਕਲ ਇਲਾਜ ਕਰਕੇ ਕਮਜ਼ੋਰ ਹੋ ਗਈ ਹੈ
- ਇਸਲੈਟ ਸੈਲ ਜਾਂ ਠੋਸ ਇੰਦਰੀ ਟਰਾਂਸਪਲਾਂਟ, ਜਾਂ ਕੋਕਲੀਅਰ (ਇੰਨਰ ਈਅਰ) ਇੰਮਪਲਾਂਟ, ਜਾਂ ਉਸ ਲਈ ਇੰਤਜ਼ਾਰ ਕਰ ਰਹੇ ਹਨ
- ਸਟੈਮ ਸੈਲ ਟਰਾਂਸਪਲਾਂਟ ਹੋਇਆ ਹੈ

ਬਿਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### ਹਿਬ (Hib) ਵੈਕਸੀਨ ਦੇ ਕੀ ਲਾਭ ਹਨ?

ਹਿਬ (Hib) ਵੈਕਸੀਨ ਹਿਬ (Hib) ਵਿਗਾੜ, ਜੋ ਕਿ ਇੱਕ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਬਿਮਾਰੀ ਹੋ ਸਕਦੀ ਹੈ, ਦੇ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਚੰਗਾ ਢੰਗ ਹੈ। ਜਦੋਂ ਤੁਸੀਂ ਬਿਮਾਰੀਆਂ ਤੋਂ ਬਚਾਉਣ ਲਈ ਟੀਕੇ ਲਗਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਵਿੱਚ ਵੀ ਮਦਦ ਕਰਦੇ ਹੋ।

### ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ (*Haemophilus influenzae* type b) ਕਰਕੇ ਬਿਮਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਵੈਕਸੀਨ ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਜਾਂ ਸੋਜ ਸ਼ਾਮਲ ਹੋ ਸਕਦੇ ਹਨ। ਕਈ ਬੱਚਿਆਂ ਨੂੰ ਬੁਖਾਰ ਹੋ ਸਕਦਾ ਹੈ ਜਾਂ ਉਹ ਨੀਂਦ ਆਉਣ, ਚਿੜਚਿੜੇਪਨ, ਉਲਟੀਆਂ, ਦਸਤ, ਨਿਰੰਤਰ ਰੋਣ ਅਤੇ ਭੁੱਖ ਨਾ ਲਗਣ ਦਾ ਅਨੁਭਵ ਕਰ ਸਕਦੇ ਹਨ।

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਾਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ (ASA) (ਉਦਾਹਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

*6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰਾਈ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ ਵਿੱਚ, ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਐਪੀਨੇਫਰਿੰਨ (ਐਡ੍ਰੇਨੇਲਿੰਨ-adrenaline) ਦਿੱਤੇ ਜਾਣਾ ਅਤੇ ਐਮਬੁਲੈਂਸ ਰਾਹੀਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟ੍ਰਾਂਸਫਰ ਸ਼ਾਮਲ ਹਨ। ਜੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈਆਂ ਪ੍ਰਤੀਕ੍ਰਿਆਵਾਂ ਬਾਰੇ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਹਿਬ (Hib) ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਪਹਿਲਾਂ ਲਈ ਗਈ ਹਿਬ (Hib) ਵੈਕਸੀਨ ਦੀ ਖ਼ੁਰਾਕ, ਜਾਂ ਵੈਕਸੀਨ ਦੇ ਕਿਸੇ ਵੀ ਅੰਸ਼ ਪ੍ਰਤੀ ਜੀਵਨ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਹੋਈ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬਿਮਾਰੀ ਕਰਕੇ ਬਿਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ (ਹਿਬ) ਵਿਗਾੜ ਕੀ ਹੈ?

ਹਿਬ (Hib) ਵਿਗਾੜ *ਹੀਮੋਫਿਲਿਸ ਇੰਫਲੂਐਨਜ਼ਾਏ* ਟਾਇਪ ਬੀ (*Haemophilus influenzae* type b) ਬੈਕਟੀਰੀਆ ਕਰਕੇ ਹੁੰਦਾ ਹੈ। ਇਹ ਜਿਆਦਾਤਰ ਵਿਗਾੜ 2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਹੋਣ ਦੇ ਨਾਲ, ਆਮਤੌਰ ਤੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵਿਗਾੜਗ੍ਰਸਤ ਕਰਦਾ ਹੈ।

ਹਿਬ (Hib), ਮੈਨਿੰਨਜਾਈਟਸ, ਜੋ ਕਿ ਦਿਮਾਗ ਨੂੰ ਢੱਕਣ ਵਾਲੀ ਪਰਤ ਦਾ ਵਿਗਾੜ ਹੈ, ਸਮੇਤ ਗੰਭੀਰ ਅਤੇ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਇਸ ਕਰਕੇ ਸੈਪਟੀਸੀਮੀਆ, ਜੋ ਖ਼ੂਨ ਦਾ ਵਿਗਾੜ ਹੈ, ਵੀ ਹੋ ਸਕਦਾ ਹੈ। ਬਿਮਾਰ ਹੋਣ ਵਾਲੇ ਹਰੇਕ 20 ਬੱਚਿਆਂ ਵਿੱਚੋਂ 1 ਦੀ ਮੌਤ ਹੋ ਸਕਦੀ ਹੈ। ਵਿਗਾੜ ਦੀਆਂ ਸਥਾਈ ਜਟਿਲਤਾਵਾਂ ਵਿੱਚ ਦਿਮਾਗੀ ਨੁਕਸਾਨ ਅਤੇ ਬਹਿਰਾਪਨ ਸ਼ਾਮਲ ਹਨ।

ਹਿਬ (Hib) ਬੈਕਟੀਰੀਆ ਕਰਕੇ ਗਲੇ ਵਿੱਚ ਐਪੀਗਲੌਟਾਈਟਿਸ (epiglottitis) ਨਾਮ ਦੀ ਗੰਭੀਰ ਅਤੇ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀ ਬਿਮਾਰੀ ਵੀ ਹੋ ਸਕਦੀ ਹੈ। ਇਸ ਵਿਗਾੜ ਵਾਲੇ ਬੱਚੇ ਨੂੰ ਸਾਹ ਲੈਣ ਵਿੱਚ ਗੰਭੀਰ ਮੁਸ਼ਕਲ ਹੋ ਸਕਦੀ ਹੈ ਅਤੇ ਉਸ ਨੂੰ ਸਾਹ ਲੈਣ ਵਿੱਚ ਮਦਦ ਕਰਨ ਲਈ ਐਮਰਜੈਂਸੀ ਆਪਰੇਸ਼ਨ ਦੀ ਲੋੜ ਹੋ ਸਕਦੀ ਹੈ।

## ਹਿਬ (Hib) ਵਿਗਾੜ ਕਿਵੇਂ ਫੈਲਦਾ ਹੈ?

ਤੁਸੀਂ ਖੰਘਣ, ਛਿੱਕਣ ਜਾਂ ਨਿਕਟੀ ਆਮ੍ਹੋ ਸਾਮ੍ਹਣੇ ਦੇ ਸੰਪਰਕ ਨਾਲ ਹਿਬ (Hib) ਵਿਗਾੜ ਫੈਲਾ ਸਕਦੇ ਹੋ। ਇਹ ਥੁੱਕ ਰਾਹੀਂ ਵੀ ਫੈਲ ਸਕਦਾ ਹੈ ਜਦੋਂ ਲੋਕ ਚੁੰਮਦੇ ਹਨ ਜਾਂ ਖਾਣਾ, ਭਾਂਡੇ ਅਤੇ ਪੇਯ ਪਦਾਰਥਾਂ ਵਰਗੀਆਂ ਚੀਜ਼ਾਂ ਸਾਂਝੀਆਂ ਕਰਦੇ ਹਨ। ਬੱਚੇ ਅਤੇ ਨਿਆਣੇ ਦੂਸਰੇ ਬੱਚਿਆਂ ਦੁਆਰਾ ਵਰਤੇ ਗਏ ਸੂਦਰ, ਬੋਤਲਾਂ ਜਾਂ ਖਿਡੌਣੇ ਸਾਂਝੇ ਕਰਨ ਨਾਲ ਬਿਮਾਰ ਹੋ ਸਕਦੇ ਹਨ।

ਹਿਬ (Hib) ਬਿਮਾਰੀ ਬਚਪਨ ਦੇ ਨੇਮਕ ਟੀਕਾਕਰਣ ਪ੍ਰੋਗਰਾਮਾਂ ਕਰਕੇ ਹੁਣ ਬੀ.ਸੀ. ਵਿੱਚ ਵਿਰਲੀ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

## ਹੋਰ ਜਾਣਕਾਰੀ ਲਈ

ਇਮਿਊਨਾਈਜ਼ੇਸ਼ਨਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ www.immunizebc.ca ਦੇਖੋ।

BC Centre for Disease Control
An agency of the Provincial Health Services Authority
BRITISH COLUMBIA
ImmunizeBC